# ਪਾਠ ਨਾਲ ਸੰਬੰਧਿਤ ਨਮੂਨਾ ਪ੍ਰਸ਼ਨ

**1. ਹਾਥੀ ਤੁਰਦਾ ਕਿਸ ਵਰਗਾ ਲੱਗਦਾ ਹੈ?**

ੳ) ਸ਼ੇਰ ਵਰਗਾ
ਅ) ਪਹਾੜ ਵਰਗਾ
ੲ) ਜਹਾਜ਼ ਵਰਗਾ
ਸ) ਟਰੱਕ ਵਰਗਾ

**2. ਹਾਥੀ ਦੇ ਦੰਦ ਕਿਸ ਵਰਗੇ ਹੁੰਦੇ ਹਨ?**

ੳ) ਤਲਵਾਰ ਵਰਗੇ
ਅ) ਚਾਕੂ ਵਰਗੇ
ੲ) ਬਰਛੇ ਵਰਗੇ
ਸ) ਤੀਰ ਵਰਗੇ

**3. ਹਾਥੀ ਨੂੰ ਦੇਖ ਕੇ ਕੌਣ ਭੌਂਕਦਾ ਹੈ?**

ੳ) ਬਿੱਲੀ
ਅ) ਕੁੱਤਾ
ੲ) ਸ਼ੇਰ
ਸ) ਬਾਂਦਰ

**4. ਹਾਥੀ ਦੀ ਸੁੰਡ ਕਿਸ ਵਰਗੀ ਹੁੰਦੀ ਹੈ?**

ੳ) ਸਰਾਲ ਵਰਗੀ
ਅ) ਸੋਟੀ ਵਰਗੀ
ੲ) ਮਗਰਮੱਛ ਵਰਗੀ
ਸ) ਰੱਸੇ ਵਰਗੀ

**5. 'ਕਿਵਾੜ' ਤੋਂ ਕੀ ਭਾਵ ਹੈ?**

ੳ) ਦਰਵਾਜ਼ਾ
ਅ) ਕੰਨ
ੲ) ਖਿੜਕੀ
ਸ) ਘਰ

**6. ਹਾੜ੍ਹ ਮਹੀਨੇ ਕੀ ਹੁੰਦਾ ਹੈ?**

ੳ) ਬਹੁਤ ਸਰਦੀ
ਅ) ਬਹੁਤ ਗਰਮੀ
ੲ) ਬਹੁਤ ਵਰਖਾ
ਸ) ਹਰਿਆਲੀ

**7. ਹਾਥੀ ਨੂੰ ਨਹਾ ਕੇ ਕਿਵੇਂ ਲਗਦਾ ਹੈ?**

ੳ) ਮਜ਼ਾ ਆਉਂਦਾ ਹੈ
ਅ) ਭੈੜਾ ਲਗਦਾ ਹੈ
ੲ) ਗੁੱਸਾ ਆਉਂਦਾ ਹੈ
ਸ) ਨੀਂਦ ਆਉਂਦੀ ਹੈ



Scanned with CamScanner

8. **'ਲਿਤਾੜ ਜਾਣਾ' ਤੋਂ ਕੀ ਭਾਵ ਹੈ?**

ੳ) ਛਾਲ਼ ਮਾਰ ਜਾਣਾ
ਅ) ਕੁਚਲ ਜਾਣਾ
ੲ) ਟੱਪ ਜਾਣਾ
ਸ) ਦੌੜ ਜਾਣਾ

9. **ਹਾਥੀ ਦੇ ਪੈਰ ਕਿਹੋ-ਜਿਹੇ ਹੁੰਦੇ ਹਨ?**

ੳ) ਚੱਕੀ ਦੇ ਪੁੜਾਂ ਵਰਗੇ
ਅ) ਛੱਜਾਂ ਵਰਗੇ
ੲ) ਪਹਾੜ ਵਰਗੇ
ਸ) ਰੁੱਖ ਵਰਗੇ

10. **ਹਾਥੀ ਸੁੰਡ ਭਰ-ਭਰ ਕੀ ਛੱਡ ਰਿਹਾ ਸੀ?**

ੳ) ਫੁਹਾਰੇ
ਅ) ਬੁਲਬੁਲੇ
ੲ) ਸਾਹ
ਸ) ਕੋਈ ਨਹੀਂ

11. **ਸਹੀ ਸ਼ਬਦ ਦੀ ਚੋਣ ਕਰੋ:**

ੳ) ਸ਼ਰਮਾਕਲ
ਅ) ਛਰਮਾਕਲ
ੲ) ਸਰਮਾਕਲ
ਸ) ਸ਼ਰਮਕਾਲ

12. **'ਛੱਜਾਂ ਵਰਗੇ ਕੰਨ ਸੀ ਉਸਦੇ' ਦਾ ਭਾਵ ਹੈ?**

ੳ) ਕੰਨ ਛੱਜਾਂ ਵਰਗੇ ਵੱਡੇ ਸਨ
ਅ) ਕੰਨ ਉੱਤੇ ਛੱਜ ਬੰਨ੍ਹੇ ਹੋਏ ਸਨ
ੲ) ਕੰਨ ਸੋਹਣੇ ਨਹੀਂ ਸਨ
ਸ) ਕੰਨਾਂ ਦਾ ਰੰਗ ਛੱਜ ਵਰਗਾ ਸੀ

13. **ਹਾਥੀ ਆਪਣਾ ਚਾਰਾ ਕਿਸ ਅੰਗ ਦੀ ਮਦਦ ਨਾਲ਼ ਪ੍ਰਾਪਤ ਕਰਦਾ ਹੈ?**

ੳ) ਸੁੰਡ
ਅ) ਦੰਦ
ੲ) ਜੀਭ
ਸ) ਪੈਰ

14. **ਕਿਹੜਾ ਕਥਨ ਹਾਥੀ ਬਾਰੇ ਸਹੀ ਨਹੀਂ ਹੈ:**

ੳ) ਇਸਦੇ ਕੰਨ ਛੱਜਾਂ ਵਰਗੇ ਹੁੰਦੇ ਹਨ
ਅ) ਇਸਦੀ ਸੁੰਡ ਛੋਟੀ ਹੁੰਦੀ ਹੈ
ੲ) ਇਸਦੇ ਪੈਰ ਚੱਕੀ ਦੇ ਪੁੜਾਂ ਜਿੱਡੇ ਹੁੰਦੇ ਹਨ
ਸ) ਇਸਦੇ ਦੰਦ ਤਲਵਾਰਾਂ ਵਰਗੇ ਹੁੰਦੇ ਹਨ

15. **ਹਾਥੀ ਅੱਖਾਂ ਤੋਂ ਕਿਵੇਂ ਜਾਪਦਾ ਹੈ?**

ੳ) ਡਰਾਕਲ
ਅ) ਸ਼ਰਮਾਕਲ
ੲ) ਡਰਾਉਣਾ
ਸ) ਗ਼ੁੱਸੇ ਵਾਲਾ

16. **'ਖੁੱਲ੍ਹੇ ਬੰਦ ਕਿਵਾੜ' ਤੋਂ ਭਾਵ ਹੈ?**

ੳ) ਦਰਵਾਜ਼ੇ ਬੰਦ ਹੋ ਗਏ
ਅ) ਕੰਨ ਖੁੱਲ੍ਹ ਗਏ



Scanned with CamScanner

ੲ) ਦਰਵਾਜ਼ੇ ਖੁੱਲ੍ਹ ਗਏ
ਸ) ਘਰ ਖੁੱਲ ਗਿਆ

**17. ਕਿਹੜਾ ਦੇਸੀ ਮਹੀਨਾ ਸਭ ਤੋਂ ਵੱਧ ਤਪਦਾ ਹੈ?**

ੳ) ਚੇਤ
ਅ) ਪੋਹ
ੲ) ਹਾੜ੍ਹ
ਸ) ਅੱਸੂ

**18. ਹਾਥੀ ਅਪਣਾ ਪੇਟ ਭਰਨ ਲਈ ਕੀ ਟੱਪ ਗਿਆ ਸੀ?**

ੳ) ਹਰੇ ਖੇਤ ਦੀ ਵਾੜ
ਅ) ਨਹਿਰ
ੲ) ਸੜਕ
ਸ) ਕੰਧ

**19. ਹਾਥੀ ਦੂਜੇ ਜਾਨਵਰਾਂ ਨਾਲ਼ੋਂ ਕਿਵੇਂ ਵੱਖਰਾ ਹੈ?**

ੳ) ਇਹ ਅਕਾਰ ਵਿੱਚ ਉਹਨਾਂ ਨਾਲ਼ੋਂ ਬਹੁਤ ਵੱਡਾ ਹੈ
ਅ) ਇਹ ਬਹੁਤ ਖਤਰਨਾਕ ਹੁੰਦਾ ਹੈ
ੲ) ਇਹ ਸਭ ਤੋਂ ਤੇਜ਼ ਦੌੜਦਾ ਹੈ
ੲ) ਇਹ ਸੁਸਤ ਹੁੰਦਾ ਹੈ

**20. ਹਾਥੀ..........ਵਾਂਗੂੰ ਤੁਰਦਾ ਹੈ।**

ੳ) ਚੀਤੇ
ਅ) ਬੇਪਰਵਾਹਾਂ
ੲ) ਸਰਾਲ਼
ਸ) ਪਹਾੜ

**ਅਧਿਆਪਕ ਪੂਰਾ ਅਧਿਆਇ ਕਰਵਾਉਣ ਤੋਂ ਬਾਅਦ ਦਿੱਤੀ ਵਰਕਸ਼ੀਟ ਬੱਚਿਆਂ ਨੂੰ ਕਰਵਾ ਕੇ ਦੇਖਣਗੇ ਕਿ ਕਿੰਨੇ ਬੱਚਿਆਂ ਨੇ ਸਿੱਖਣ ਪਰਿਣਾਮ ਪ੍ਰਾਪਤ ਕੀਤੇ ਹਨ?**

| ਪ੍ਰਤੀਸ਼ਤ | 30% ਤੋਂ ਘੱਟ | 30% - 80% ਤੱਕ | 80% ਤੋਂ ਵੱਧ |
|---|---|---|---|
| ਵਿਦਿਆਰਥੀਆਂ ਦੀ ਗਿਣਤੀ | | | |



Scanned with CamScanner